


# ਮੇਰੀਆਂ ਦੋ-ਗੱਲਾਂ




ਕੋਈ ਵੀ ਲੇਖਕ ਕੁੱਝ ਵੀ ਲਿਖਦਾ ਹੈ ਤਾਂ ਉਸ ਪਿਛੇ ਕੋਈ ਨਾ ਕੋਈ ਮਕਸਦ ਜ਼ਰੂਰ ਹੁੰਦਾ ਹੈ ਜਾਂ ਉਹ ਆਪਣੇ ਪਾਠਕਾਂ ਦੀ ਦਿਲਚਸਪੀ ਵਾਸਤੇ ਲਿਖਦਾ ਹੈ ਜਾਂ ਕਿਸੇ ਤਰ੍ਹਾਂ ਦਾ ਕੋਈ ਗਿਆਨ ਦੇਣਾ ਚਾਹੁੰਦਾ ਹੈ। ਉਸ ਨੇ ਜੋ ਚੰਗੇ ਮਾੜੇ ਪਲ ਆਪਣੇ ਜ਼ਿੰਦਗੀ 'ਚ ਹੰਡਾਏ ਹੁੰਦੇ ਹਨ ਉਹ ਆਪਣੇ ਪਾਠਕਾਂ ਨਾਲ ਸਾਂਝੇ ਕਰਕੇ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਲਈ ਅਗਾਹ ਕਰਦਾ ਹੈ ਕਿ ਕਿਹੜੀਆਂ-ਕਿਹੜੀਆਂ ਕਠਿਨਾਈਆਂ ਜ਼ਿੰਦਗੀ 'ਚ ਆ ਸਕਦੀਆਂ ਹਨ।

ਮੇਰਾ ਆਪਣਾ ਕੇਨੈਡਾ ਦਾ ਸਫਰਨਾਮਾ ਲਿਖਣ ਦਾ ਮਕਸਦ ਵੀ ਸਿਰਫ ਦਿਲਚਸਪ ਮੈਟਰ ਨਹੀਂ ਸਗੋਂ ਵਿਦੇਸ਼ੀ ਸਫਰ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਨੂੰ ਬਿਆਨ ਕਰਨਾ ਵੀ ਹੈ ਤਾਂ ਜੋ ਵਿਦੇਸ਼ਾਂ ਵਿੱਚ ਆਉਣ ਵਾਲੇ ਵਿਅਕਤੀ ਇਨ੍ਹਾ ਮੁਸ਼ਕਲਾਂ ਤੋਂ ਬਚ ਸਕਣ। ਮੈਂ ਆਪਣੇ ਇਸ ਕੇਨੈਡਾ ਦੇ ਟੂਰ ਦੌਰਾਨ ਜੋ ਚੰਗੇ-ਮਾੜੇ ਪਲ ਹੰਡਾਅ ਰਿਹਾਂ ਹਾ ਅਤੇ ਇਥੋਂ ਦੇ ਰਹਿਣ-ਸਹਿਣ, ਕੰਮ-ਕਾਰ, ਮੌਸਮ ਆਦਿ ਬਾਰੇ ਜੋ ਕੁੱਝ ਮੈਂ ਜਾਣ ਰਿਹਾਂ ਹਾਂ ਉਹ ਪਾਠਕਾਂ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਇਥੇ ਆਉਣ ਵਾਲੇ ਵਿਅਕਤੀਆਂ ਨੂੰ ਇਥੇ ਆਉਣ ਤੋਂ ਪਹਿਲਾ ਹੀ ਇਥੋਂ ਬਾਰੇ ਕੁਝ ਗਿਆਨ ਹੋਵੇ ਅਤੇ ਰਸਤੇ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਬਚ ਸਕਣ।



## ਕੈਨੇਡਾ ਸਫਰਨਾਮਾ

(ਕਾਂਡ ਨੰ. 1)

ਭਵਨਦੀਪ ਸਿੰਘ ਪੁਰਬਾ

### ਅਪਲਾਈ ਕਰਨਾ

ਮੇਰਾ ਦੋਸਤ ਭਜਨ ਸਿੰਘ ਬਾਂਹਬਾ ਮੈਨੂੰ ਕਾਫੀ ਸਮੇਂ ਤੋਂ ਕਹਿ ਰਿਹਾ ਸੀ ਕਿ ਮੈਂ ਸਪੌਸਰ ਕਰ ਦਿੰਦਾ ਆਂ ਤੇ ਤੂੰ ਕੇਨੈਡਾ ਆ ਜਾ। ਬੱਚੇ ਛੋਟੇ ਹੋਣ ਕਾਰਨ ਮੈਂ ਰਾਇ ਬਣਾ ਕੇ ਢਿੱਲੀ ਕਰ ਦਿੰਦਾ ਸੀ। ਐਂਤਕੀ ਜਦੋਂ ਭਜਨ ਸਿੰਘ ਇੰਡੀਆਂ ਆਏ ਤਾਂ ਉਸ ਨੇ ਕਿਹਾ ਕਿ ਮੈਂ ਤੇਰੇ ਲਈ ਆਪਣੇ ਪੇਪਰ ਲੈ ਕੇ ਆਇਆ ਹਾਂ। ਤਕਰੀਬਨ ਸਾਰੇ ਪੇਪਰ ਮੇਰੇ ਕੋਲ ਹਨ ਕਿਸੇ ਵਧੀਆਂ ਏਜੰਟ ਨਾਲ ਗੱਲ ਕਰ ਲਈਏ। ਹੋਰ ਜਿੰਨੇ ਪੇਪਰ ਚਾਹੀਦੇ ਹਨ ਉਹ ਮੈਂ ਜਾਨ ਸਾਰ ਭੇਜ ਦੇਵਾਂਗਾ। ਮੈਂ ਇਹ ਗੱਲ ਆਪਣੀ ਪਤਨੀ ਭਾਗਵੰਤੀ ਪੁਰਬਾ ਕੋਲ ਕੀਤੀ। ਉਸ ਨੇ ਕਿਹਾ ਜੇਕਰ ਭਜਨ ਵੀਰ ਜੀ ਏਨਾ ਕਹਿ ਰਹੇ ਹਨ ਤਾਂ ਤੁਸੀਂ ਅਪਲਾਈ ਕਰ ਦਿਉ। ਅਜਿਹਾ ਮੌਕਾ ਫੇਰ ਨਹੀਂ ਮਿਲਣਾ। ਪਹਿਲਾ ਵੀ ਤੁਹਾਨੂੰ ਇੰਗਲੈਂਡ ਤੋਂ ਪ੍ਰੈਸ ਕਾਨਫਰੰਸ ਵਾਸਤੇ ਸਪੌਸਰ ਆਈ ਸੀ ਤੁਸੀਂ ਨਹੀਂ ਗਏ ਤੇ ਦੁਬਾਰਾ ਕਦੇ ਉਨ੍ਹਾਂ ਦੀ ਆਫਰ ਨਹੀਂ ਆਈ।

ਤੁਹਾਨੂੰ ਤੁਹਾਡੀ ਏਨੀ ਕੇਅਰ ਕਰਨ ਵਾਲਾ ਦੋਸਤ ਹੋਰ ਨਹੀਂ ਮਿਲਣਾ। ਬੱਚਿਆਂ ਦਾ ਫਿਕਰ ਨਾ ਕਰੋ। ਉਨ੍ਹਾਂ ਲਈ ਹੀ ਤਾਂ ਸਭ ਕੁਝ ਕਰਨਾ। ਨਾਲੇ ਹੁਣ ਤਾਂ ਜੁਆਇੰਟ ਫੈਮਿਲੀ ਹੈ। ਮੰਮੀ ਪਾਪਾ ਕਰਕੇ ਬੱਚੇ ਦਿਲ ਲਗਾ ਲੈਣਗੇ। ਉਸੇ ਵਕਤ ਮੇਰਾ ਦੋਸਤ ਜਸਵੀਰ ਪੁਰੈਣ ਜੋ ਕਿ ਮੂਰਤੀ ਆਰਟਿਸਟ ਹੈ ਉਹ ਵੀ ਆ ਗਿਆ। ਮੈਂ ਜਸਵੀਰ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਮੈਨੂੰ ਵੀ ਪਹਿਲਾ ਕੇਨੈਡਾ ਅਮਰੀਕਾ ਤੋਂ ਬਹੁਤ ਆਫਰਾ ਆਈਆਂ ਸਨ ਮੈਂ ਵੀ ਬੱਚੇ ਛੋਟੇ ਹੋਣ ਕਾਰਨ ਉਦੋਂ ਨਹੀਂ ਗਿਆ ਸੀ ਤੇ ਹੁਣ ਬੱਚੇ ਵੱਡੇ ਹੋ ਗਏ ਹਨ ਉਨ੍ਹਾਂ ਦੀਆਂ ਜ਼ੁੰਮੇਵਾਰੀਆ ਏਨੀਆਂ ਵਧ ਗਈਆਂ ਹਨ ਕਿ ਹੁਣ ਮੈਂ ਜਾ ਹੀ ਨਹੀਂ ਸਕਦਾ। ਇਹ ਸਭ ਕੁਝ ਸੋਚ ਕੇ ਮੈਂ ਕੇਨੈਡਾ ਆਉਣ ਦਾ ਮਨ ਬਣਾ ਲਿਆ।

ਕੁਝ ਦਿਨਾਂ ਬਾਅਦ ਭਜਨ ਨੇ ਵਾਪਸ ਕੇਨੈਡਾ ਆਉਣਾ ਸੀ। ਮੈਨੂੰ ਉਨੇ ਦਿਨਾਂ ਵਿੱਚ ਚੰਗਾ ਏਜੰਟ ਨਹੀਂ ਮਿਲਿਆ ਜਿਸ ਤੋਂ ਮੈਂ ਸੰਤੁਸ਼ਟ ਹੁੰਦਾ। ਮੇਰੀ ਏਜੰਟਾਂ ਨਾਲ ਜੋ ਜੋ ਗੱਲ ਹੋਈ, ਮੈਂ ਭਜਨ ਜੀ ਨੂੰ ਸਭ ਕੁਝ ਦੱਸੀ ਗਿਆ। ਭਜਨ ਮੈਨੂੰ ਕਹਿਣ ਲੱਗਾ ਕਿ ਤੂੰ ਆਪਣੇ ਸਾਰੇ ਪੇਪਰ ਮੈਨੂੰ ਭੇਜ ਦੇ, ਮੈਂ ਇਧਰੋਂ ਕੇਸ ਤਿਆਰ ਕਰਵਾਉਣਾ। ਮੈਂ ਭਜਨ ਜੀ ਦੇ ਕਹੇ ਅਨੁਸਾਰ ਆਪਣੇ ਪੇਪਰ ਭਜਨ ਸਿੰਘ ਹੁਰਾਂ ਨੂੰ ਭੇਜ ਦਿੱਤੇ। ਭਜਨ ਨੇ ਮੇਰੇ ਕੇਸ ਲਈ ਬੜੀ ਭੱਜ-ਨੱਠ ਕੀਤੀ। ਕੇਨੈਡਾ ਦੀ ਏਨੀ ਬਿਜੀ ਲਾਈਫ ਵਿੱਚ ਵੀ ਮੇਰੇ ਲਈ ਇਨ੍ਹਾਂ ਟਾਈਮ ਕੱਢਿਆ। ਸਾਨੂੰ ਵਧੀਆ ਇਮੀਗਰੇਸ਼ਨ ਕੰਨਸਲਟੇਟ ਮਿਲ ਗਈ 'ਸੀਮਾ ਬਿਆਨਾ'। ਉਸ ਨੇ ਪੇਪਰ ਵੇਖਣ ਸਾਰ ਹੀ ਵੀਜਾ ਲੱਗਣ ਦੇ 99% ਚਾਨਸ ਆਖ ਦਿੱਤੇ। ਸੀਮਾ ਬਿਆਨਾ ਨੇ ਵਧੀਆ ਤਰੀਕੇ ਨਾਲ ਕੇਸ ਸਟੱਡੀ ਕਰਕੇ ਮੇਰਾ ਬਿਜਨੈਸ ਵੀਜਾ ਅਪਲਾਈ ਕਰ ਦਿੱਤਾ।

(ਚਲਦਾ)

# ਕੈਨੇਡਾ 'ਚ ਪੰਜਾਬ ਤੋਂ ਆਏ ਵਿਦਿਆਰਥੀ ਮਿਹਨਤ ਨਾਲ ਪੱਕੇ ਹੋਣ ਲਈ ਯਤਨਸ਼ੀਲ



ਸਤਪਾਲ ਸਿੰਘ ਜੌਹਲ
ਟੋਰਾਂਟੋ




ਕੈਨੇਡਾ ਵਿਚ ਬੀਤੇ ਦਿਨਾਂ ਤੋਂ ਪੰਜਾਬ ਤੋਂ ਵਿਦਿਆਰਥੀ ਵੀਜ਼ੇ ਨਾਲ ਪੁੱਜਦੇ ਲੜਕੇ-ਲੜਕੀਆਂ ਬਾਰੇ ਵਿਵਾਦ ਦੀ ਭਰਵੀਂ ਚਰਚਾ ਹੈ। ਇਸ ਦੌਰਾਨ ਇਸ ਪੱਤਰਕਾਰ ਨੇ ਕੁਝ ਸਥਾਨਕ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ, ਸਮਾਜ ਸੇਵਕਾਂ ਅਤੇ ਵਿਦਿਆਰਥੀ ਆਗੂਆਂ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਦਾ ਹੈ ਕਿ ਬਹੁਤ ਵੱਡੀ ਗਿਣਤੀ ਵਿਚ ਭਾਰਤੀ ਲੜਕੇ-ਲੜਕੀਆਂ ਸਖਤ ਮਿਹਨਤ ਨਾਲ ਕੈਨੇਡਾ ਵਿਚ ਆਪਣਾ ਜੀਵਨ ਸੈੱਟ ਕਰਨ ਲਈ ਦਿਨ-ਰਾਤ ਇਕ ਕਰਦੇ ਹਨ।

ਮਿਸੀਸਾਗਾ ਵਿਖੇ ਉਂਟਾਰੀਓ ਖਾਲਸਾ ਦਰਬਾਰ ਗੁਰਦੁਆਰਾ ਸਹਿਬ ਦੀ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੱਲ ਅਤੇ ਸਕੱਤਰ ਰਣਜੀਤ ਸਿੰਘ ਦੂਲੇ ਨੇ ਦੱਸਿਆ ਕਿ ਲੋੜ ਪੈਣ 'ਤੇ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਬੱਚਿਆਂ ਨੂੰ ਆਸਰਾ ਮਿਲ਼ਦਾ ਹੈ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਮਾਪੇ ਬਣ ਕੇ ਹੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸ. ਦੂਲੇ ਨੇ ਇਹ ਵੀ ਦੱਸਿਆ ਕਿ ਲੰਗਰ ਛਕਣ ਉਪਰ ਕਿਸੇ ਪਾਬੰਦੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸਗੋਂ ਸੰਗਤ ਲਈ ਲੰਗਰ ਹਰ ਸਮੇਂ ਖੁਲ੍ਹਾ ਰੱਖਿਆ ਜਾਂਦਾ ਹੈ। ਇਹ ਵੀ ਕਿ ਲੋੜਵੰਦ ਬੱਚਿਆਂ ਨੂੰ ਬਿਸਤਰੇ ਅਤੇ ਕੱਪੜਿਆਂ ਦੀ ਮਦਦ ਵੀ ਕਰ ਦਿੱਤੀ ਜਾਂਦੀ ਹੈ। ਹਮਿਲਟਨ ਵਿਖੇ ਗੁਰਦੁਆਰਾ ਸ਼ਹੀਦਗੜ੍ਹ ਦੇ ਪ੍ਰਬੰਧਕ ਭਾਈ ਜਸਬੀਰ ਸਿੰਘ ਅਤੇ ਗੁਰਦੁਆਰਾ ਬਾਬਾ ਬੁੱਢਾ ਜੀ ਤੋਂ ਹਰਭਜਨ ਸਿੰਘ ਨੰਗਲੀਆ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਮੇਨ ਹਾਲ ਵਿਚ ਮਰਿਆਦਾ ਅਨੁਸਾਰ ਨਾ ਵਿਚਰਨ ਵਾਲੇ ਪੜ੍ਹਾਕੂ ਲੜਕੇ ਅਤੇ ਲੜਕੀਆਂ ਨਾਲ ਵਾਹ ਵੀ ਪੈ ਜਾਂਦਾ ਹੈ ਜਿਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਪਰ ਜੇਕਰ ਉਹ ਸਿਆਣਪ ਨਾ ਲੈਣੀ ਚਾਹੁਣ ਤਾਂ ਉਨ੍ਹਾਂ ਨੂੰ ਬਾਹਰ ਕੱਢਣ ਤੱਕ ਦੀ ਨੌਬਤ ਆਉਂਦੀ ਹੈ।

ਮਾਂਟਰੀਅਲ ਤੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਹਿਬ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਦੱਸਿਆ ਕਿ ਕਿਊਬਕ ਵਿਚ ਪਰਮਾਨੈਂਟ ਰੈਜ਼ੀਡੈਂਸ ਲੈਣ ਲਈ ਬੀਤੇ ਕੁਝ ਸਮੇਂ ਤੋਂ ਬਹੁਤ ਵੱਡੀ ਗਿਣਤੀ ਵਿਚ ਪੰਜਾਬੀ ਵਿਦਿਆਰਥੀ ਪੁੱਜੇ ਹਨ ਅਤੇ ਉਨ੍ਹਾਂ ਦੀ ਗੁਰਦੁਆਰਾ ਸਾਹਿਬ ਵਿਚ ਆਮਦ ਰਹਿੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਅੰਦਰ ਮਰਿਆਦਾ ਨਾਲ ਸਮਝੌਤਾ ਨਹੀਂ ਕੀਤਾ ਜਾਂਦਾ, ਜਿਸ ਕਰਕੇ ਮੁੱਖ ਦਵਾਰ ਉਪਰ ਲੱਚਰ ਪਹਿਰਾਵਾ ਨਾ ਪਾ ਕੇ ਆਉਣ ਦੀ ਹਿਦਾਇਤ ਲਿਖ ਕੇ ਲਗਾਈ ਗਈ ਹੈ ਅਤੇ ਲੰਗਰ ਹਾਲ ਵਿਚ ਵੀ ਸੰਗਤ ਨੂੰ ਪੰਗਤ ਵਿੱਚ ਸਜ ਕੇ ਛਕਣ ਦੀ ਹਿਦਾਇਤ ਹੈ। ਇਕ ਸਵਾਲ ਦਾ ਜਵਾਬ ਦਿੰਦਿਆਂ ਪ੍ਰਧਾਨ ਸੁਰਜੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲੰਗਰ ਛੱਕਣ ਤੋਂ ਰੋਕਿਆ ਨਹੀਂ ਜਾਂਦਾ ਪਰ ਬੇਨਿਯਮੀਆਂ ਕਰਨ ਅਤੇ ਲੱਚਰਤਾ ਦੇ ਪਸਾਰੇ ਤੋਂ ਗੁਰ-ਮਰਿਆਦਾ ਅਨੁਸਾਰ ਮਨ੍ਹਾਂ ਜ਼ਰੂਰ ਕੀਤਾ ਜਾਂਦਾ ਹੈ। ਬਰੈਂਪਟਨ ਵਿਖੇ ਸ਼ੈਰੀਡਨ ਕਾਲਜ ਤੋਂ ਵਿਦਿਆਰਥੀ ਅਰਸ਼ਦੀਪ ਭੁੱਲਰ ਅਤੇ ਪੜ੍ਹਾਈ ਖਤਮ ਕਰਕੇ ਸਫਲਤਾ ਨਾਲ ਟਰਾਂਸਪੋਰਟ ਚਲਾ ਰਹੇ ਸਤਵਿੰਦਰ ਸਿੰਘ ਸੋਠੀ ਨੇ ਕਿਹਾ ਕਿ ਉਹ ਕੈਨੇਡਾ ਦੇ ਸਰਕਾਰੀ ਸਿਸਟਮ ਅਤੇ ਭਾਰਤੀ/ਪੰਜਾਬੀ ਭਾਈਚਾਰੇ ਨੂੰ ਆਪਣੇ ਰਹਿਨੁਮਾ ਮੰਨ ਕੇ ਚੱਲਦੇ ਹਨ ਪਰ ਜੇਕਰ ਕੁਝ ਵਿਦਿਆਰਥੀ ਗਲਤੀ ਕਰਦੇ ਹਨ ਤਾਂ ਇਹ ਵੀ ਸੱਚ ਹੈ ਕਿ ਸਥਾਨਕ ਲੋਕਾਂ ਵਿੱਚ ਵਿਦਿਆਰਥੀਆਂ ਦੇ ਹਾਲਾਤ (ਪੱਕੇ ਹੋਣ ਦੀ ਆਸ) ਦਾ ਫਾਇਦਾ ਲੈਣ ਵਾਲਿਆਂ (ਘੱਟ ਤਨਖਾਹ 'ਤੇ ਬਹੁਤਾ ਕੰਮ ਕਰਾਉਣਾ) ਦੀ ਵੀ ਘਾਟ ਨਹੀਂ ਜਿਸ ਕਰਕੇ ਦੋਵੇਂ ਪਾਸੇ ਕਸ਼ੀਦਗੀ ਲਈ ਸਾਰਾ ਕਸੂਰ ਵਿਦਿਆਰਥੀਆਂ ਦਾ ਨਹੀਂ ਕੱਢਿਆ ਜਾ ਸਕਦਾ।